# ਸਿਰਮੌਰ ਵਿਗਿਆਨਕ ਸੰਸਥਾ: ਆਈ. ਆਈ. ਐੱਸ. ਈ. ਆਰ.





ਮਨਿੰਦਰ ਕੌਰ

**ਦੇਸ਼** ਅੰਦਰ ਵਿਗਿਆਨ ਅਤੇ ਖੋਜਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪ੍ਰਧਾਨ ਮੰਤਰੀ ਦੇ ਵਿਗਿਆਨ ਸਲਾਹਕਾਰ ਕੌਂਸਲ ਵੱਲੋਂ ਪ੍ਰੋਫੈਸਰ ਸੀ.ਐਨ. ਰਾਓ ਦੀ ਪ੍ਰਧਾਨਗੀ ਹੇਠ ਅਜਿਹੀਆਂ ਸੰਸਥਾਵਾਂ ਦੇ ਨਿਰਮਾਣ ਦੀ ਸਿਫ਼ਾਰਸ਼ ਕੀਤੀ ਗਈ ਜਿਸ ਨਾਲ ਦੇਸ਼ ਦਾ ਵਿਗਿਆਨਕ ਢਾਂਚਾ ਮਜ਼ਬੂਤ ਹੋ ਸਕੇ ਅਤੇ ਇਹ ਹੋਰਨਾਂ ਵਿਕਸਤ ਦੇਸ਼ਾਂ ਦੀ ਬਰਾਬਰੀ ਕਰ ਸਕੇ। ਸੋ, ਭਾਰਤ ਸਰਕਾਰ ਨੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੇ ਸਹਿਯੋਗ ਨਾਲ IISER's (Indian Institute of Science Education & Research) ਦਾ ਨਿਰਮਾਣ ਕਰਵਾਇਆ। ਅੱਜ ਪੰਜ IISER's ਦੇਸ਼ ਭਰ ਵਿੱਚ ਪੂਰੀ ਤਰ੍ਹਾਂ ਕਾਰਜਸ਼ੀਲ ਹਨ:- IISER ਕੋਲਕਾਤਾ, ਪੱਛਮੀ ਬੰਗਾਲ (2006), IISER ਪੁਣੇ, ਮਹਾਰਾਸ਼ਟਰ (2006), IISER ਮੁਹਾਲੀ, ਪੰਜਾਬ (2007), IISER ਭੋਪਾਲ, ਮੱਧ ਪ੍ਰਦੇਸ਼ (2008) ਅਤੇ IISER ਤਿਰੂਵਨੰਤਪੁਰਮ, ਕੇਰਲ (2008)।

'ਆਈ.ਆਈ.ਐੱਸ.ਈ.ਆਰ' ਦਾ ਮੁੱਖ ਮੰਤਵ ਵਿਗਿਆਨ ਦੇ ਸਿਰਕੱਢ ਖੇਤਰਾਂ 'ਚ ਖੋਜ ਕਾਰਜਾਂ ਨੂੰ ਉਤਸ਼ਾਹਿਤ ਕਰਨਾ ਅਤੇ ਅੰਡਰ-ਗਰੈਜੂਏਟ ਅਤੇ ਪੋਸਟ-ਗਰੈਜੂਏਟ ਪੱਧਰ 'ਤੇ ਮਿਆਰੀ ਵਿਗਿਆਨਕ ਸਿੱਖਿਆ ਮੁਹੱਈਆ ਕਰਵਾਉਣਾ ਹੈ। 'ਆਈ.ਆਈ.ਐੱਸ.ਈ.ਆਰ' ਦਾ ਮੁਢਲਾ ਉਦੇਸ਼ ਹੋਣਹਾਰ ਨੌਜਵਾਨ ਵਿਗਿਆਨੀਆਂ ਦੇ ਵਿਗਿਆਨਕ ਕਰੀਅਰ ਦੀ ਮਜ਼ਬੂਤੀ ਲਈ ਪੈਰਵਾਈ ਕਰਨਾ ਅਤੇ ਇਸ ਨੂੰ ਜਾਰੀ ਰੱਖਣ ਲਈ ਹਰ ਸੰਭਵ ਉਪਰਾਲੇ ਕਰਨਾ ਹੈ। ਵਿਗਿਆਨਕ ਕਰੀਅਰ ਤੋਂ ਭਾਵ ਹੁੰਦਾ ਹੈ- ਕਿਸੇ ਪ੍ਰਾਈਵੇਟ ਜਾਂ ਪਬਲਿਕ ਸੈਕਟਰ ਦੀ ਰਿਸਰਚ ਐਂਡ ਡਿਵਲੈਪਮੈਂਟ ਲੈਬ ਵਿੱਚ ਕੰਮ ਕਰਨਾ ਅਤੇ ਕਿਸੇ ਖੋਜ ਸੰਸਥਾ ਵਿੱਚ ਕਰੀਅਰ ਵਜੋਂ ਅਕਾਦਮਿਕ ਤੇ ਵਿਗਿਆਨਕ ਖੋਜ ਜਾਰੀ ਰੱਖਣਾ ਜਾਂ ਕੋਈ ਨਿੱਜੀ ਵਿਗਿਆਨ ਅਨੁਕੂਲ ਵਪਾਰ ਖੋਲ੍ਹ ਲੈਣਾ। 'ਆਈ.ਆਈ. ਐੱਸ.ਈ.ਆਰ' ਹਰ ਵਿਦਿਆਰਥੀ ਦੇ ਇਸ ਉਦੇਸ਼ ਪ੍ਰਾਪਤੀ ਲਈ ਹਰ ਸੰਭਵ ਯਤਨ ਕਰਦੀ ਹੈ। ਹਰ ਇੱਕ 'ਆਈ.ਆਈ.ਐੱਸ.ਈ.ਆਰ' 3 ਕਿਸਮ ਦੇ ਕੋਰਸ ਕਰਵਾਉਂਦੀ ਹੈ-

(1) 5 ਸਾਲਾ ਇੰਟੇਗ੍ਰੇਟਿਡ BS-MS ਦੋਹਰੀ ਡਿਗਰੀ ਕੋਰਸ

(2) ਸਾਰੇ ਸਾਇੰਸਿਜ਼ ਅਤੇ ਮੈਥੇਮੈਟਿਕਸ ਖੇਤਰਾਂ ਵਿੱਚ ਪੀਐਚ.ਡੀ. ਪ੍ਰੋਗਰਾਮ

(3) BS. ਤੋਂ ਮਗਰੋਂ ਇੰਟੇਗ੍ਰੇਟਿਡ ਪੀਐਚ.ਡੀ. ਪ੍ਰੋਗਰਾਮ

'ਆਈ.ਆਈ.ਐੱਸ.ਈ.ਆਰ'

**ਬਹੁਤੀ ਪੁੱਛ-ਪ੍ਰਤੀਤ ਵਾਲੀ ਸੰਸਥਾ ਕਿਉਂ ਹੈ?**

ਦਾਖਲਾ ਲੈਣ ਤੋਂ ਪਹਿਲੇ ਦਿਨ ਹੀ 'ਆਈ.ਆਈ.ਐੱਸ.ਈ.ਆਰ' ਵਿਦਿਆਰਥੀ ਨੂੰ ਸਿੱਖਿਅਤ ਕਰਨਾ ਸ਼ੁਰੂ ਕਰ ਦਿੰਦੀ ਹੈ। ਵਿਲੱਖਣ, ਪ੍ਰਤਿਭਾਸ਼ਾਲੀ, ਵਿਸ਼ਵ ਦੀਆਂ ਸਿਖਰਲੀਆਂ ਯੂਨੀਵਰਸਿਟੀਆਂ ਤੋਂ ਉੱਚ ਯੋਗਤਾ ਪ੍ਰਾਪਤ ਫੈਕਲਟੀ (ਪੋਸਟ ਡਾਕਟਰੇਟ ਡਿਗਰੀ ਧਾਰਕ) ਵਿਦਿਆਰਥੀ ਦੀ ਮਨੋਬਿਰਤੀ ਨੂੰ ਖੋਜੀ ਬਣਾਉਣਾ ਲਈ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੰਦੀ ਹੈ।

'ਆਈ.ਆਈ.ਐੱਸ.ਈ.ਆਰ' ਆਪਣੇ ਹਰ ਅੰਡਰ-ਗਰੈਜੂਏਟ ਵਿਦਿਆਰਥੀ ਨੂੰ ਸਟਾਈਪੰਡ ਦੇ ਰੂਪ 'ਚ ਘੱਟ ਤੋਂ ਘੱਟ 5000 ਰੁਪਏ ਮੁਹੱਈਆ ਕਰਦੀ ਹੈ। ਹਰ ਵਿਦਿਆਰਥੀ ਲਈ ਕੌਂਸਲਿੰਗ, ਮੈਡੀਕਲ, ਟਰਾਂਸਪੋਰਟ, ਰਿਹਾਇਸ਼, ਇੰਟਰਨੈੱਟ, ਪਲੇਸਮੈਂਟ, ਈਕੋ ਫਰੈਂਡਲੀ ਕੈਂਪਸ, ਆਨਲਾਈਨ ਸਰੋਤ ਯੁਕਤ ਅਤਿ-ਆਧੁਨਿਕ ਲਾਇਬਰੇਰੀ, ਸਪੋਰਟਸ ਅਤੇ ਮਨੋਰੰਜਨ ਆਦਿ ਹੋਰ ਬੇਸ਼ੁਮਾਰ ਸੁਵਿਧਾਵਾਂ ਪ੍ਰਦਾਨ ਕਰਦੀ ਹੈ।

ਹਾਰਵਰਡ ਅਤੇ ਆਕਸਫੋਰਡ ਯੂਨੀਵਰਸਿਟੀਆਂ ਦੇ ਕੋਰਸਾਂ 'ਤੇ ਆਧਾਰਿਤ ਆਈ.ਆਈ.ਐੱਸ.ਈ.ਆਰ ਸਿਲੇਬਸ, ਵਿਆਪਕ ਪੱਧਰ 'ਤੇ ਇਸ ਤਰ੍ਹਾਂ ਡਿਜ਼ਾਈਨ ਕੀਤਾ ਜਾਂਦਾ ਹੈ ਕਿ ਇਹ ਵਿਗਿਆਨਕ ਆਧਾਰ ਮਜ਼ਬੂਤ ਕਰਨ ਦੇ ਨਾਲ-ਨਾਲ ਖੋਜ ਵਿਧੀਆਂ ਨੂੰ ਵੀ ਵਿਧੀ-ਪੂਰਵਕ ਸੰਮਲਿਤ ਕਰਦਾ ਹੈ।

ਸਮੇਂ-ਸਮੇਂ 'ਤੇ ਨੋਬਲ-ਵਿਜੇਤਾਵਾਂ ਨਾਲ ਵਿਦਿਆਰਥੀਆਂ ਦੀ ਵਾਰਤਾਲਾਪ ਕਰਵਾਈ ਜਾਂਦੀ ਹੈ, ਜਿਵੇਂ ਰਿਚਰਡ ਅਰਨੈਸਟ ਅਤੇ ਵੈਂਕਟਰਾਮਨ ਰਾਮਾਕ੍ਰਿਸ਼ਨਨ। ਵਿਦਿਆਰਥੀ ਨੂੰ ਵਿਦੇਸ਼ਾਂ ਵਿੱਚ ਵਰਕਸ਼ਾਪਾਂ/ਕਾਨਫਰੰਸਾਂ ਲਾਉਣ ਦੇ ਵੀ ਭਰਪੂਰ ਮੌਕੇ ਮਿਲਦੇ ਹਨ ਜਿਵੇਂ ਲਿੰਡਾ ਕਾਨਫਰੰਸ।

ਬਾਹਰਲੀਆਂ ਉੱਘੀਆਂ ਸੰਸਥਾਵਾਂ ਨਾਲ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦਾ ਰਾਬਤਾ ਕਾਇਮ ਕਰਨ ਲਈ ਸਟੂਡੈਂਟ ਐਕਸਚੇਂਜ ਪ੍ਰੋਗਰਾਮ ਚਲਾਏ ਜਾ ਰਹੇ ਹਨ। ਵਿਦਿਆਰਥੀਆਂ ਦੇ ਖੋਜ-ਪੱਤਰ ਕਈ ਅਹਿਮ ਮੈਗਜ਼ੀਨਾਂ 'ਚ ਛਪ ਚੁੱਕੇ ਹਨ ਜਿਸ ਨਾਲ ਉਨ੍ਹਾਂ ਨੂੰ ਖੋਜ ਪ੍ਰਾਜੈਕਟ ਦੇ ਵੱਖ-ਵੱਖ ਪੜਾਵਾਂ ਬਾਰੇ ਕਰੀਅਰ ਦੇ ਸ਼ੁਰੂਆਤੀ ਦੌਰ 'ਚ ਹੀ ਪਤਾ ਲੱਗ ਜਾਂਦਾ ਹੈ।

ਉੱਚ ਯੋਗਤਾ ਪ੍ਰਾਪਤ ਫੈਕਲਟੀ ਦੀ ਅਗਵਾਈ ਹੇਠ ਵਿਦਿਆਰਥੀ ਵਿਸ਼ੇ ਦੀ ਤਤਿ ਤਕ ਜਾ ਕੇ ਪਕੜ ਮਜ਼ਬੂਤ ਕਰਦੇ ਹਨ, ਜੋ ਜ਼ਿੰਦਗੀ ਦੇ ਬਿਖੜੇ ਪੈਂਡੇ ਵੀ ਆਸਾਨੀ ਨਾਲ ਸਰ ਕਰ ਜਾਂਦੇ ਹਨ।

**'ਆਈ.ਆਈ.ਐੱਸ.ਈ.ਆਰ' ਦਾਖਲਾ ਪ੍ਰਕਿਰਿਆ:**

ਆਈਸਰ ਦਾਖਲਾ ਪ੍ਰਕਿਰਿਆ ਜੇ.ਏ.ਸੀ. (JAC-Joint Admission Committe) ਵੱਲੋਂ ਕਰਵਾਈ ਜਾਂਦੀ ਹੈ ਜਿਸ ਦੇ ਮੁਖੀ ਚੇਅਰਮੈਨ ਹੁੰਦੇ ਹਨ ਅਤੇ ਪੰਜੇ ਆਈ.ਆਈ.ਐੱਸ.ਈ.ਆਰ ਸੰਸਥਾਵਾਂ ਵਿੱਚੋਂ ਘੱਟੋ-ਘੱਟ ਇੱਕ ਮੈਂਬਰ ਲਿਆ ਜਾਂਦਾ ਹੈ।

### ਆਖਰੀ ਮਿਤੀਆਂ - 'ਦਾਖਲਾ-2014'

| ਆਨਲਾਈਨ ਐਪਲੀਕੇਸ਼ਨ | KVPY | JEE (Adv) | ਰਾਜ ਅਤੇ ਕੇਂਦਰੀ ਬੋਰਡ |
|---|---|---|---|
| ਪ੍ਰਾਪਤ ਕਰਨ ਦੀ ਆਖਰੀ ਮਿਤੀ | 7 ਜੂਨ ਤੋਂ 7 ਜੁਲਾਈ, 2014 | 23 ਜੂਨ ਤੋਂ 7 ਜੁਲਾਈ, 2014 | 15 ਜੂਨ ਤੋਂ 10 ਜੁਲਾਈ, 2014 |
| ਕੌਂਸਲਿੰਗ ਅਤੇ ਐਪਟੀਚਿਊਡ ਟੈਸਟ (ਕੇਂਦਰ/ਰਾਜ ਬੋਰਡ) ਵਿਦਿਆਰਥੀਆਂ ਲਈ | 10 ਜੁਲਾਈ, 2014 | 10 ਜੁਲਾਈ, 2014 | 20 ਜੁਲਾਈ, 2014 |

**ਇੰਟੇਗ੍ਰੇਟਿਡ BS-MS ਦਾਖਲਾ ਪ੍ਰਕਿਰਿਆ:**

'ਆਈ.ਆਈ.ਐੱਸ.ਈ.ਆਰ' ਦੀਆਂ ਕੁੱਲ ਸੀਟਾਂ 500 ਹਨ ਅਤੇ ਹਰ ਇੱਕ ਆਈ.ਆਈ.ਐੱਸ.ਈ.ਆਰ ਵਿਖੇ 100 ਸੀਟਾਂ ਉਪਲਬਧ ਹਨ। ਇਸ ਦੋਹਰੇ ਡਿਗਰੀ ਕੋਰਸ ਲਈ ਦਾਖਲਾ ਤਿੰਨ ਢੰਗਾਂ ਨਾਲ ਲਿਆ ਜਾ ਸਕਦਾ ਹੈ।

1. ਹਰ ਕੈਟੇਗਰੀ 'ਚ 25 ਫ਼ੀਸਦੀ ਤਕ ਕੇ.ਵੀ.ਪੀ.ਵਾਈ. (ਕਿਸ਼ੋਰ ਵਿਗਿਆਨਕ ਪ੍ਰੋਤਸਾਹਨ ਯੋਜਨਾ) ਰਾਹੀਂ
2. ਹਰ ਕੈਟੇਗਰੀ 'ਚ 50 ਫ਼ੀਸਦੀ ਤਕ ਕੇ.ਵੀ.ਪੀ.ਵਾਈ.+ ਜੇ.ਈ.ਈ. (ਐਡਵਾਂਸਡ) ਰਾਹੀਂ
3. ਬਾਕੀ ਸੀਟਾਂ ਕੇਂਦਰ/ਰਾਜ ਬੋਰਡ ਪ੍ਰੀਖਿਆ (ਬਾਰ੍ਹਵੀਂ ਸਾਇੰਸ) ਵਿੱਚੋਂ ਪਹਿਲੇ ਨੰਬਰ 'ਤੇ ਆਉਣ ਵਾਲੇ ਇੱਕ ਫ਼ੀਸਦੀ ਵਿਦਿਆਰਥੀਆਂ ਵੱਲੋਂ 'ਆਈ.ਆਈ.ਐੱਸ.ਈ.ਆਰ' ਦੇ ਐਪਟੀਚਿਊਡ ਟੈਸਟ ਪਾਸ ਕਰਨ ਉਪਰੰਤ ਭਰੀਆਂ ਜਾਂਦੀਆਂ ਹਨ।

ਕੇ.ਵੀ.ਪੀ.ਵਾਈ. ਸਕਾਲਰਸ਼ਿਪ ਪ੍ਰਾਪਤ ਕਰਨ ਵਾਲਾ ਹਰ ਵਿਦਿਆਰਥੀ 'ਆਈ.ਆਈ.ਐੱਸ.ਈ.ਆਰ' ਦਾਖਲੇ ਲਈ ਯੋਗ ਹੈ। ਪਹਿਲਾਂ ਵਿਦਿਆਰਥੀ ਨੂੰ ਜੇ.ਈ.ਈ. (Joint Entrance Exam) ਮੇਨਜ਼ ਅਤੇ ਫਿਰ ਜੇ.ਈ.ਈ. ਐਡਵਾਂਸਡ ਪ੍ਰੀਖਿਆ ਪਾਸ ਕਰਨੀ ਹੁੰਦੀ ਹੈ ਪਰ ਜੇ ਵਿਦਿਆਰਥੀ ਕੇ.ਵੀ.ਪੀ.ਵਾਈ. ਸਕਾਲਰ ਹੈ ਤਾਂ ਬਗੈਰ ਜੇ.ਈ.ਈ. ਤੋਂ ਹੀ ਅਪਲਾਈ ਕਰ ਸਕਦਾ ਹੈ। BS-MS ਦੋਹਰੀ ਡਿਗਰੀ ਪ੍ਰੋਗਰਾਮ ਦੋ ਪੜਾਵਾਂ ਵਿੱਚ ਕਰਵਾਇਆ ਜਾਂਦਾ ਹੈ। ਪਹਿਲੇ ਕੇਂਦਰੀ ਭਾਗ ਵਿੱਚ ਦੋ ਸਾਲਾਂ 'ਚ ਸਾਰੇ ਬੇਸਿਕ ਸਾਇੰਸਜ਼ (PCMS) ਵਿੱਚ ਵਿਆਪਕ ਪੱਧਰ 'ਤੇ ਟ੍ਰੇਨਿੰਗ ਦਿੱਤੀ ਜਾਂਦੀ ਹੈ, ਕੇਂਦਰੀ ਭਾਗ ਤੋਂ ਬਾਅਦ ਵਿਦਿਆਰਥੀ ਵੱਲੋਂ ਕਿਸੇ ਇੱਕ ਬੇਸਿਕ ਸਾਇੰਸ ਵਿੱਚ ਮਾਸਟਰ ਡਿਗਰੀ ਕੀਤੀ ਜਾਂਦੀ ਹੈ। ਇਸ ਤਰ੍ਹਾਂ B.Sc. ਜਾਂ M.Sc. ਲਈ ਉਸ ਨੂੰ ਥਾਂ-ਥਾਂ ਪ੍ਰਵੇਸ਼ ਪ੍ਰੀਖਿਆਵਾਂ ਦੇਣ ਤੋਂ ਛੋਟ ਮਿਲ ਜਾਂਦੀ ਹੈ ਅਤੇ ਉਸ ਦੀ ਇਹ ਸੀਟ ਸੁਰੱਖਿਅਤ ਰਹਿੰਦੀ ਹੈ। ਇਸ ਦੋਹਰੀ ਡਿਗਰੀ ਦਾ ਪੰਜਵਾਂ ਅਤੇ ਆਖਰੀ ਸਾਲ ਖੋਜ ਪ੍ਰਾਜੈਕਟ ਲਈ ਨਿਰਧਾਰਤ ਹੁੰਦਾ ਹੈ। ਵਿਦਿਆਰਥੀ ਇਹ ਖੋਜ ਪ੍ਰਾਜੈਕਟ, ਗਰਮੀਆਂ ਦੀਆਂ ਛੁੱਟੀਆਂ ਦੌਰਾਨ ਆਈ.ਆਈ.ਐੱਸ.ਈ.ਆਰ ਵਿਖੇ ਜਾਂ ਵਿਸ਼ਵ ਦੀ ਕਿਸੇ ਹੋਰ ਸੰਸਥਾ ਵਿੱਚ ਜਾ ਕੇ ਮੁਕੰਮਲ ਕਰ ਸਕਦੇ ਹਨ। ਇਸ ਪ੍ਰੋਗਰਾਮ ਦੇ ਸਫ਼ਲਤਾਪੂਰਬਕ ਪੂਰੇ ਹੋਣ ਉਪਰੰਤ ਵਿਦਿਆਰਥੀ ਨੂੰ ਦੋ ਡਿਗਰੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ- ਇੱਕ B.Sc. ਡਿਗਰੀ ਅਤੇ ਇੱਕ M.Sc. ਡਿਗਰੀ। BS-MS ਡਿਗਰੀ ਹਾਸਲ ਕਰਨ ਉਪਰੰਤ ਪੀਐਚ.ਡੀ. ਨੂੰ ਤਰਜੀਹ ਦਿੰਦੇ ਹਨ। ਭਾਰਤ ਵਿੱਚ ਪੀਐਚ.ਡੀ. ਆਈ.ਆਈ.ਐੱਸ.ਈ.ਆਰ, TIFR, IISC ਜਾਂ ਹੋਰ ਸੰਸਥਾਵਾਂ ਵਿੱਚ ਕਰਵਾਈ ਜਾ ਰਹੀ ਹੈ। ਅਨੇਕਾਂ ਵਿਦਿਆਰਥੀਆਂ ਨੂੰ ਦੁਨੀਆਂ ਦੇ ਸਰਬੋਤਮ ਖੋਜ ਗਰੁੱਪਾਂ ਵੱਲੋਂ ਪੀਐਚ.ਡੀ. ਲਈ ਸ਼ਾਨਦਾਰ ਸਕਾਲਰਸ਼ਿਪਾਂ ਸਮੇਤ ਪੇਸ਼ਕਸ਼ਾਂ ਆਉਂਦੀਆਂ ਹਨ। ਇਹ ਖੋਜ ਗਰੁੱਪ ਕਈ ਦੇਸ਼ਾਂ- ਅਮਰੀਕਾ, ਜਰਮਨੀ, ਆਸਟਰੇਲੀਆ, ਸਿੰਗਾਪੁਰ, ਫਰਾਂਸ ਵੱਲੋਂ ਹੁੰਦੇ ਹਨ। 'ਆਈ.ਆਈ.ਐੱਸ.ਈ.ਆਰ', ਰੋਡੇ ਫੈਲੋਸ਼ਿਪਾਂ, ਖੁਰਾਨਾ ਫੈਲੋਸ਼ਿਪਾਂ ਜਾਂ ਐਸ.ਐਨ. ਬੋਸ ਫੈਲੋਸ਼ਿਪਾਂ ਤਾਂ ਦੇ ਹੀ ਰਹੇ ਹਨ ਪਰ ਵਿਦਿਆਰਥੀ ਇਨ੍ਹਾਂ ਤੋਂ ਇਲਾਵਾ ਵਿਸ਼ਵ ਦੇ ਦੂਜੇ ਦੇਸ਼ਾਂ ਤੋਂ ਵੀ 'ਇੰਟਰਨੈਸ਼ਨਲ ਸਮਰ ਪ੍ਰਾਜੈਕਟ ਫੈਲੋਸ਼ਿਪ' ਵੀ ਜਿੱਤ ਲੈਂਦੇ ਹਨ।

ਜਿੱਥੇ ਕੇ.ਵੀ.ਪੀ.ਵਾਈ. ਸਕਾਲਰਾਂ ਨੂੰ ਆਟੋਮੈਟਿਕ ਦਾਖਲਾ ਮਿਲਦਾ ਹੈ, ਉੱਥੇ ਜੇ.ਈ.ਈ. ਮੈਰਿਟ ਵਿਦਿਆਰਥੀ ਰੈਂਕ ਦੇ ਆਧਾਰ 'ਤੇ ਦਾਖਲੇ ਦੇ ਯੋਗ ਬਣਦੇ ਹਨ।

**'ਆਈ.ਆਈ.ਐੱਸ.ਈ.ਆਰ' ਵਿਖੇ ਪੀਐਚ.ਡੀ.- ਪ੍ਰੋਗਰਾਮ ਦਾਖਲਾ ਪ੍ਰੀਕਿਰਿਆ**

ਪੀਐਚ.ਡੀ. ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਵਿਦਿਆਰਥੀ ਨੂੰ ਕੌਮੀ ਪੱਧਰ ਦਾ ਟੈਸਟ ਪਾਸ ਕਰਨਾ ਹੁੰਦਾ ਹੈ ਜਿਸ ਉਪਰੰਤ ਸਕਰੀਨਿੰਗ ਟੈਸਟ, ਫਿਰ ਇੰਟਰਵਿਊ ਤੋਂ ਬਾਅਦ ਵਿਦਿਆਰਥੀ ਦੀ ਚੋਣ ਕੀਤੀ ਜਾਂਦੀ ਹੈ। 'ਆਈ.ਆਈ.ਐੱਸ.ਈ.ਆਰ' ਦੇ ਬਹੁਗਿਣਤੀ ਪੀਐਚ.ਡੀ. ਸਕਾਲਰਾਂ ਨੇ CSIR, UGC, DST, DBT, ICMR ਅਤੇ ਹੋਰ ਸੰਸਥਾਵਾਂ ਦੀਆਂ ਫੈਲੋਸ਼ਿਪਾਂ ਨੂੰ ਵੀ ਕੁਆਲੀਫਾਈ ਕੀਤਾ ਹੋਇਆ ਹੈ। ਇਨ੍ਹਾਂ ਸਕਾਲਰਾਂ ਨੂੰ ਵਿਸ਼ਵ ਦੀ ਕਿਸੇ ਵੀ ਚੋਟੀ ਦੀ ਖੋਜ ਸੰਸਥਾ ਵਿੱਚ ਜਾ ਕੇ ਖੋਜ ਕਾਰਜ ਕਰਨ ਲਈ ਮੌਕਿਆਂ ਦੀ ਭਰਮਾਰ ਹੈ। ਕਿਸੇ ਵਿਦਿਆਰਥੀ ਨੇ ਜੇ B.Sc. ਕਿਸੇ ਹੋਰ ਸੰਸਥਾ ਤੋਂ ਕੀਤੀ ਹੋਈ ਹੈ ਅਤੇ ਉਹ 'ਆਈ. ਆਈ.ਐੱਸ.ਈ.ਆਰ' ਵਿਖੇ M.Sc. ਅਤੇ Ph.D. ਕਰਨ ਦਾ ਚਾਹਵਾਨ ਹੈ ਤਾਂ 'ਆਈ.ਆਈ.ਐੱਸ.ਈ.ਆਰ' ਵਿਖੇ ਇੰਟੇਗ੍ਰੇਟਿਡ ਪੀਐਚ.ਡੀ. ਪ੍ਰੋਗਰਾਮ ਦੀ ਵਿਵਸਥਾ ਹੈ। ਇੰਟੇ. ਪੀਐਚ.ਡੀ. ਦੌਰਾਨ ਦੋ ਸਾਲ ਲਈ 'ਕੋਰਸ-ਵਰਕ' ਅਤੇ ਖੋਜ ਪ੍ਰਾਜੈਕਟ ਕਰਵਾਏ ਜਾਂਦੇ ਹਨ। ਸਾਧਾਰਨ ਪੀਐਚ.ਡੀ. ਦੇ ਮੁਕਾਬਲੇ ਇੱਕ ਵਿਦਿਆਰਥੀ ਇੰਟੇਗ੍ਰੇਟਿਡ ਪੀਐਚ.ਡੀ. ਵਿੱਚ ਘੱਟੋ-ਘੱਟ ਇੱਕ ਸਾਲ ਦੀ ਬੱਚਤ ਕਰ ਲੈਂਦਾ ਹੈ ਕਿਉਂਕਿ 'ਕੋਰਸ ਵਰਕ' ਨਾਲ ਵਿਦਿਆਰਥੀ ਤੇਜ਼ੀ ਨਾਲ ਪ੍ਰਗਤੀ ਕਰਦਾ ਹੈ।

ਇੱਥੋਂ ਤਕ ਕਿ 'ਆਈ.ਆਈ.ਐੱਸ.ਈ.ਆਰ' ਵਿਖੇ ਪੋਸਟ ਡਾਕਟਰਲ ਰਿਸਰਚ ਪ੍ਰੋਗਰਾਮ ਦੀ ਵਿਵਸਥਾ ਵੀ ਹੈ ਜਿੱਥੇ ਹੋਰਨਾਂ ਯੂਨੀਵਰਸਿਟੀਆਂ ਜਾਂ ਸੰਸਥਾਵਾਂ ਤੋਂ ਪੀਐਚ.ਡੀ. ਸਕਾਲਰ, ਆਈ.ਆਈ.ਐੱਸ.ਈ.ਆਰ ਫੈਕਲਟੀ ਅਤੇ ਨੌਜਵਾਨ ਰਿਸਰਚ ਸਕਾਲਰਾਂ ਨਾਲ ਕੰਮ ਕਰਦੇ ਹਨ ਤਾਂ ਜੋ ਉਨ੍ਹਾਂ ਦੇ ਖੋਜ ਤਜਰਬਿਆਂ ਰਾਹੀਂ ਉਹ ਵੀ ਕੁਝ ਨਵੀਨਤਮ ਖੋਜਾਂ ਵੱਲ ਵਧ ਸਕਣ।

**ਵਧੇਰੇ ਜਾਣਕਾਰੀ** : www.iiser-admission.in


**ਪੰਜ 'ਆਈ.ਆਈ.ਐੱਸ.ਈ.ਆਰ' ਲਈ ਸੰਪਰਕ**

1. www.iiserkol.ac.in/
2. www.iiserpune.ac.in/
3. www.iisermohali.ac.in/
4. www.iiserbhopal.ac.in/
5. www.iisertvm.ac.in/

ਜੇ ਸਾਨੂੰ ਵਿਗਿਆਨ ਨਾਲ ਇਸ਼ਕ, ਜਨੂੰਨ ਦੀ ਹੱਦ ਤਕ ਹੈ ਤਾਂ ਆਓ, ਫਿਰ 'ਆਈ.ਆਈ.ਐੱਸ.ਈ.ਆਰ' ਸੰਸਥਾਵਾਂ ਦਾ ਲਾਭ ਜ਼ਰੂਰ ਉਠਾਈਏ ਕਿਉਂਕਿ ਪ੍ਰਤਿਭਾਸ਼ਾਲੀ ਖੋਜੀ ਸ਼ਖ਼ਸੀਅਤਾਂ ਹੀ ਰਲਮਿਲ 'ਵਿਗਿਆਨ ਵਿਕਸਤ ਭਾਰਤ' ਦੇ ਨਿਰਮਾਣ ਕਾਰਜਾਂ ਨੂੰ ਸਹੀ ਅਰਥਾਂ 'ਚ ਅੰਜ਼ਾਮ ਦੇ ਸਕਦੀਆਂ ਹਨ।

**ਈਮੇਲ:**
mainderkaurcarees@gmial.com

# ਚਲਦੀ ਕਾਰ-ਬੱਸ ਵਿੱਚ ਚੱਲਣਗੇ ਡਿਜੀਟਲ ਚੈਨਲ



**ਸੰਨ** 1982 ਤਕ ਦਾ ਉਹ ਸਮਾਂ ਸੀ ਜਦ ਲੋਕ ਵੱਡੇ-ਵੱਡੇ ਉੱਚੇ ਅਨਟੀਨੇ ਲਗਾ ਕੇ ਟੀਵੀ ਪ੍ਰੋਗਰਾਮਾਂ ਦਾ ਆਨੰਦ ਮਾਣਦੇ ਸਨ। ਘਰ ਵਿੱਚ ਵੱਡਾ ਉੱਚਾ ਅਨਟੀਨਾ ਲੱਗਿਆ ਹੋਣ ਕਾਰਨ ਉਸ ਘਰ ਦੀ ਪਛਾਣ ਵੀ 'ਟੀਵੀ ਵਾਲੇ' ਬਣ ਜਾਂਦੀ ਸੀ। ਉਸ ਸਮੇਂ ਟੀਵੀ ਸਟੇਸ਼ਨ ਦੂਰ ਹੋਣ ਕਾਰਨ ਇਹ ਵੱਡੇ ਐਨਟੀਨੇ ਲਗਾਉਣੇ ਪੈਂਦੇ ਸਨ ਪਰ ਫਿਰ ਵੀ ਤਸਵੀਰ ਧੁੰਦਲੀ ਜਾਂ ਟੀਵੀ ਵਿੱਚ ਮੀਂਹ ਪੈਣ ਵਾਂਗ ਦਾਣੇ-ਦਾਣੇ ਆਉਂਦੇ ਰਹਿੰਦੇ ਸਨ। ਸੰਨ 1984 ਤੋਂ ਬਾਅਦ ਦੂਰਦਰਸ਼ਨ ਦੇ ਉੱਚ ਤਾਕਤੀ ਟ੍ਰਾਂਸਮੀਟਰ ਲੱਗੇ। ਇਨ੍ਹਾਂ ਟਰਾਂਸਮੀਟਰਾਂ ਦੀ ਰੇਂਜ ਜ਼ਿਆਦਾ ਹੋਣ ਕਾਰਨ ਉੱਚੇ ਐਨਟੀਨਿਆਂ ਤੋਂ ਛੁਟਕਾਰਾ ਮਿਲਣਾ ਸ਼ੁਰੂ ਹੋਇਆ। ਅੱਜ ਟੀਵੀ ਪ੍ਰਸਾਰਣ ਵਿੱਚ ਤਰੱਕੀ ਹੋਣ ਕਾਰਨ ਇਸ ਵਕਤ ਭਾਰਤ ਵਿੱਚ ਅੱਧੀ ਦਰਜਨ ਤੋਂ ਵੱਧ ਡੀਟੀਐਚ ਪਲੈਟਫਾਰਮ ਚੱਲ ਰਹੇ ਹਨ ਤੇ ਹਰ ਸ਼ਹਿਰ ਪਿੰਡ ਅੰਦਰ ਕੇਬਲ ਟੀਵੀ ਨੈਟਵਰਕ ਨੇ ਵੀ ਆਪਣੀ ਥਾਂ ਬਣਾ ਲਈ ਹੈ। ਪਿੰਡਾਂ ਦੇ ਲੋਕਾਂ ਨੇ ਡੀਟੀਐਚ ਲਗਵਾ ਡੀਜ਼ਿਟਲ (ਅਤਿ ਉੱਤਮ) ਕੁਆਲਟੀ ਦੇ ਪ੍ਰੋਗਰਾਮਾਂ ਦਾ ਆਨੰਦ ਮਾਨਣਾ ਸ਼ੁਰੂ ਕਰ ਦਿੱਤਾ ਹੈ।

ਪਰ ਦੂਰਦਰਸ਼ਨ ਦੇ ਮੌਜੂਦਾ ਟੀਵੀ ਟਰਾਂਸਮੀਟਰਾਂ (ਟਾਵਰਾਂ ਦੁਆਰਾ) ਦੁਆਰਾ ਭੇਜਿਆ ਜਾ ਰਿਹਾ ਸਿਗਨਲ ਹਾਲੇ ਵੀ ਐਨਾਲਾਗ ਭਾਵ ਪੁਰਾਣੀ ਤਕਨੀਕ ਵਾਲਾ ਹੀ ਹੈ ਜਿਸ ਕਾਰਨ ਇਹ ਹਾਲੇ ਵੀ ਲੋਕਾਂ ਦੇ ਘਰਾਂ ਤਕ ਉੱਤਮ ਕੁਆਲਿਟੀ ਸਿਗਨਲ ਭੇਜਣ ਵਾਲਾ ਨਹੀਂ ਹੈ ਜਿਸ ਕਾਰਨ ਇਹ ਹੁਣ ਲੋਕਾਂ ਨੂੰ ਚੰਗਾ ਨਹੀਂ ਲਗਦਾ ਤੇ ਕਈ ਵਿਅਕਤੀ ਨਾ ਚਾਹੁੰਦੇ ਹੋਏ ਵੀ ਕੇਬਲ ਜਾਂ ਡੀਟੀਐਚ ਲਗਵਾ ਰਹੇ ਹਨ। ਅੱਜ 85 ਫ਼ੀਸਦੀ ਲੋਕ ਡੀਟੀਐਚ, ਕੇਬਲ, ਸੀਏਟੀਵੀ ਆਦਿ ਰਾਹੀਂ ਟੀਵੀ ਦਾ ਆਨੰਦ ਮਾਣ ਰਹੇ ਹਨ ਇਸ ਲਈ ਦੂਰਦਰਸ਼ਨ ਦੇ ਮੌਜੂਦਾ ਟਰਾਂਸਮੀਟਰਾਂ ਰਾਹੀਂ ਪ੍ਰਸਾਰਣ ਸਿਰਫ਼ 15 ਫ਼ੀਸਦੀ ਲੋਕ ਦੇਖਦੇ ਹਨ।

ਅੱਜ-ਕੱਲ੍ਹ ਦੁਨੀਆਂ ਭਰ ਵਿੱਚ ਹਰਮਨ ਪਿਆਰਾ ਹੋ ਰਹੇ ਡਿਜੀਟਲ ਟੀਵੀ ਪ੍ਰਸਾਰਣ ਵਿੱਚ ਇੱਕ ਟਰਾਂਸਮੀਟਰਾਂ ਤੋਂ ਮਲਟੀਪਲੈਕਸਿੰਗ ਦੀ ਮਦਦ ਨਾਲ ਇੱਕ ਤੋਂ ਵੱਧ ਟੀਵੀ ਚੈਨਲ ਪ੍ਰਸਾਰਿਤ ਕੀਤੇ ਜਾ ਸਕਦੇ ਹਨ। ਇਸ ਦੇ ਨਾਲ ਨਾਲ ਰੇਡੀਓ ਪ੍ਰੋਗਰਾਮ, ਐਸ.ਐਮ.ਐਸ. ਸਰਵਿਸ, ਰੇਲਵੇ ਸਰਵਿਸ, ਆਵਾਜਾਈ ਜਾਣਕਾਰੀ ਸਰਵਿਸ ਜਾਂ ਕਈ ਤਰ੍ਹਾਂ ਦੀਆਂ ਹੋਰ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਤੋਂ ਵੱਖਰੀ ਕਮਾਈ ਕੀਤੀ ਜਾ ਸਕਦੀ ਹੈ। ਅਮਰੀਕਾ, ਕੈਨੇਡਾ ਸਮੇਤ ਦਰਜਨਾਂ ਵੱਡੇ-ਵੱਡੇ ਦੇਸ਼ਾਂ ਵਿੱਚ ਇਹ ਤਕਨੀਕ ਸਫ਼ਲਤਾ ਪੂਰਵਕ ਚੱਲ ਪਈ ਹੈ। ਲੋਕ ਦੁਬਾਰਾ ਕੇਬਲ ਅਤੇ ਡੀਟੀਐਚ ਸਰਵਿਸ ਛੱਡ ਰਹੇ ਹਨ। ਇਜ਼ਰਾਈਲ, ਇਟਲੀ, ਜਾਪਾਨ ਸਮੇਤ ਕਾਫ਼ੀ ਦੇਸ਼ਾਂ ਨੇ ਤਾਂ ਐਨਾਲਾਗ ਟਰਾਂਸਮੀਟਰਾਂ ਬੰਦ ਕਰ ਦਿੱਤੇ ਹਨ ਪਰ ਬਾਕੀ ਦੇਸ਼ ਹੌਲੀ-ਹੌਲੀ ਇਸ ਡਿਜੀਟਲ ਤਕਨੀਕ ਨੂੰ ਅਪਣਾ ਰਹੇ ਹਨ ਤੇ ਅਗਲੇ ਕੁਝ ਵਰ੍ਹਿਆਂ ਦੌਰਾਨ ਐਨਾਲਾਗ ਟਰਾਂਸਮੀਟਰਾਂ ਬੰਦ ਕਰਨ ਵਾਲੇ ਹਨ। ਡਿਜ਼ਿਟਲ ਸਿਗਨਲ ਨੂੰ ਪ੍ਰਾਪਤ ਕਰਨ ਲਈ ਪਹਿਲਾਂ ਵਾਂਗ ਹੀ ਐਨਟੀਨਾ ਲਾਉਣਾ ਪੈਂਦਾ ਹੈ ਪਰ ਇਸ ਦੁਆਰਾ ਪ੍ਰਾਪਤ ਸਿਗਨਲ ਸਾਫ਼ ਤੇ ਉੱਤਮ ਦਰਜੇ ਦਾ ਹੁੰਦਾ ਹੈ। ਇਸ ਵਿੱਚ ਘਟੀਆ ਸਿਗਨਲ ਨਹੀਂ ਮਿਲਦਾ। ਡਿਜੀਟਲ ਸਿਗਨਲ ਹੋਣ ਕਾਰਨ ਚਲਦੀ ਗੱਡੀ ਵਿੱਚ ਵੀ ਇਸ ਸਰਵਿਸ ਦੀ ਵਰਤੋਂ ਕੀਤੀ ਜਾ ਸਕੇਗੀ। ਕਾਰ ਜਾਂ ਬੱਸ ਵਿੱਚ ਸਿਗਨਲ ਪ੍ਰਾਪਤ ਕਰਨ ਲਈ ਉੱਪਰ ਇੱਕ ਹਾਈ ਗੇਨ ਅਨਟੀਨਾ ਲਗਾਉਣਾ ਪਵੇਗਾ ਜੋ ਤੇਜ਼ ਸਪੀਡ 'ਤੇ ਜਾ ਰਹੀ ਗੱਡੀ ਵਿੱਚ ਵੀ ਸਾਫ਼-ਸੁਥਰਾ ਸਿਗਨਲ ਪ੍ਰਾਪਤ ਕਰੇਗਾ। ਜਿੱਥੇ ਪਹਿਲਾਂ ਚੱਲ ਰਹੇ ਐਨਾਲਾਗ ਟਰਾਂਸਮੀਟਰਾਂ ਨੂੰ ਬੰਦ ਕਰਨ ਤਕ ਦੀ ਨੌਬਤ ਆ ਗਈ ਹੈ ਉੱਥੇ ਹੀ ਡਿਜੀਟਲ ਤਕਨੀਕ ਦੇ ਆਉਣ ਨਾਲ ਹੋਰ ਟਰਾਂਸਮੀਟਰ ਲਗਾਉਣ ਦੀ ਲੋੜ ਪਵੇਗੀ ਤੇ ਇਹ ਪੁਰਾਣੀ ਤਰਨੀਕ ਨਾਲੋਂ ਕਾਫ਼ੀ ਸਸਤਾ ਵੀ ਪਵੇਗਾ।

ਇਸ ਤਕਨੀਕ ਦਾ ਪ੍ਰਸਾਰਣ ਦੂਰਦਰਸ਼ਨ ਦੁਆਰਾ ਦਿੱਲੀ ਵਿਖੇ ਸੰਨ 1999 ਵਿੱਚ ਸ਼ੁਰੂ ਕੀਤਾ ਜਾ ਚੁੱਕਾ ਹੈ। ਬਾਕੀ ਮੈਟਰੋ ਸ਼ਹਿਰਾਂ ਕਲਕੱਤਾ, ਚੇਨੱਈ ਤੇ ਮੁੰਬਈ ਵਿਖੇ 26 ਜਨਵਰੀ ਸੰਨ 2003 ਨੂੰ ਸ਼ੁਰੂ ਕੀਤਾ ਪਰ ਲੋਕਾਂ ਵਿੱਚ ਇਸ ਪ੍ਰਤੀ ਜਾਗ੍ਰਿਤੀ ਨਾ ਹੋਣ ਕਾਰਨ ਅਤੇ ਸਿਗਨਲ ਪ੍ਰਾਪਤ ਕਰਨ ਲਈ ਵਰਤੇ ਜਾਣ ਵਾਲੇ ਸੈਟ-ਟਾਪ-ਬਾਕਸ (ਸਿਗਨਲ ਲੈਣ ਵਾਲਾ ਡੱਬਾ) ਉਪਲਬਧ ਨਾ ਹੋਣ ਕਾਰਨ ਇਨ੍ਹਾਂ ਟਰਾਂਸਮੀਟਰਾਂ ਦਾ ਬਹੁਤਾ ਫ਼ਾਇਦਾ ਨਹੀਂ ਹੋਇਆ। ਦੂਰਦਰਸ਼ਨ ਨੂੰ ਚਾਹੀਦਾ ਸੀ ਕਿ ਪ੍ਰਸਾਰਣ ਸ਼ੁਰੂ ਕਰਨ ਤੋਂ ਪਹਿਲਾਂ ਸੈਟ-ਟਾਪ-ਬਾਕਸਾਂ ਦਾ ਪ੍ਰਬੰਧ ਕਰਦੇ ਤਾਂ ਕਿ ਇਹ ਲੋਕਾਂ ਵਿੱਚ ਹਰਮਨ ਪਿਆਰਾ ਹੋ ਜਾਂਦਾ ਤੇ ਲੋਕਾਂ ਦੁਆਰਾ ਹੋਰ ਸ਼ਹਿਰਾਂ ਵਿੱਚ ਵੀ ਅਜਿਹੇ ਟਰਾਂਸਮੀਟਰਾਂ ਲਾਉਣ ਦੀ ਮੰਗ ਉੱਠਦੀ।

ਪ੍ਰਸਾਰ ਭਾਰਤੀ ਨੇ ਸੰਨ 2017 ਤਕ ਆਪਣੇ ਪੂਰੇ ਨੈਟਵਰਕ ਨੂੰ ਡਿਜੀਟਲ ਕਰਨ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਲਈ ਭਾਰਤ ਵਿੱਚ 190 ਉੱਚ ਤਾਕਤੀ ਅਤੇ 400 ਘੱਟ ਤਾਕਤੀ ਡਿਜੀਟਲ ਟਰਾਂਸਮਿਟਰਾਂ ਦੀ ਸਥਾਪਨਾ ਕੀਤੀ ਜਾਣੀ ਹੈ। ਭਾਵੇਂ ਇਹ ਟਰਾਂਸਮੀਟਰ ਬਹੁਤ ਮਹਿੰਗੇ ਹਨ ਪਰ ਫਿਰ ਵੀ ਅਗਲੇ ਕੁਝ ਮਹੀਨਿਆਂ ਤਕ ਇਹ ਟਰਾਂਸਮੀਟਰਾਂ ਉਪਲਬਧ ਹੋ ਜਾਣ ਦੀ ਉਮੀਦ ਹੈ ਤੇ ਇਹ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸਥਾਪਤ ਹੋ ਜਾਣਗੇ। ਹੁਣ ਜਿਹੜੇ ਲੋਕ ਕੇਬਲ ਜਾਂ ਡੀਟੀਐਚ ਨਹੀਂ ਲਗਵਾਉਣਾ ਚਾਹੁੰਦੇ ਉਨ੍ਹਾਂ ਲਈ ਖ਼ੁਸ਼ਖ਼ਬਰੀ ਹੈ ਕਿ ਉਨ੍ਹਾਂ ਕੋਲ ਵੀ ਉੱਚ ਮਿਆਰੀ ਚੈਨਲ ਸਿੱਧੇ ਹੀ ਉਪਲਬਧ ਹੋਣਗੇ। ਸੰਨ 2014 ਵਿੱਚ ਹੀ ਇਹ ਟਰਾਂਸਮੀਟਰਾਂ ਲੱਗ ਜਾਣਗੇ ਪਰ ਸਿਗਨਲ ਪ੍ਰਾਪਤ ਕਰਨ ਵਾਲੇ ਸੈਟ-ਟਾਪ-ਬਾਕਸ ਉਪਲਬਧ ਕਰਵਾਉਣ ਲਈ ਵੀ ਦੂਰਦਰਸ਼ਨ ਨੂੰ ਉਪਰਾਲਾ ਕਰਨਾ ਪਵੇਗਾ ਤਾਂ ਕਿ ਲੋਕਾਂ ਨੂੰ ਨਾਲੋ-ਨਾਲ ਇਸ ਦਾ ਫ਼ਾਇਦਾ ਹੋਵੇ। ਹੁਣ ਦੇਖਣਾ ਇਹ ਹੈ ਕਿ ਸ਼ੁਰੂਆਤੀ ਇਹ 23 ਟਰਾਂਸਮੀਟਰਾਂ ਦੀ ਖੇਪ ਕਿਹੜੇ ਸ਼ਹਿਰਾਂ ਦੇ ਹਿੱਸੇ ਆਉਂਦੇ ਹਨ। ਇਸ ਲਈ ਪ੍ਰਸਾਰ ਭਾਰਤੀ ਕੀ ਨੀਤੀ ਬਣਾਉਂਦਾ ਹੈ ਇਹ ਤਾਂ ਸਮਾਂ ਹੀ ਦੱਸੇਗਾ। ਇਹ ਕਿਸੇ ਪਹਿਲਾਂ ਹੀ ਨਿਰਧਾਰਿਤ ਨੀਤੀ ਤਹਿਤ ਹੀ ਸਥਾਪਿਤ ਹੋਣਗੇ ਜਾਂ ਰਾਜਨੀਤੀ ਦੀ ਭੇਂਟ ਚੜ੍ਹ ਜਾਣਗੇ।

**- ਅਵਤਾਰ ਸਿੰਘ ਤੁੰਗਵਾਲੀ**
**ਸੰਪਰਕ:** 98557-58064

# ਮੁਢਲੀਆਂ ਸਹੂਲਤਾਂ ਤੋਂ ਸੱਖਣੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ

**ਪੰਜਾਬ** ਦੀਆਂ 8 ਉਦਯੋਗਿਕ ਸਿਖਲਾਈ ਸੰਸਥਾਵਾਂ ਜ਼ਮੀਨਾਂ ਅਤੇ ਇਮਾਰਤਾਂ ਦੇ ਹੁੰਦਿਆਂ ਹੋਇਆਂ ਵੀ ਨਿਥਾਵੀਆਂ ਹਨ। ਇਹ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈਜ਼.) ਬਨੂੜ, ਉਟਾਲਾਂ, ਬਰਨਾਲਾ, ਨਕੋਦਰ, ਸਰਾਏਨਾਗਾ, ਤਲਵੰਡੀ ਚੌਧਰੀਆਂ, ਅਜਨਾਲਾ ਅਤੇ ਹਰਿਆਣਾ ਵਿਖੇ ਪਿੰਡਾਂ ਅਤੇ ਕਸਬਿਆਂ ਵਿੱਚ ਚੱਲ ਰਹੀਆਂ ਹਨ। ਜਿਸ ਜ਼ਮੀਨ ਤੇ ਇਮਾਰਤ ਵਿੱਚ ਇਹ ਸੰਸਥਾਵਾਂ ਚੱਲ ਰਹੀਆਂ ਹਨ, ਇਹ ਉਸ ਸਮੇਂ ਉਦਯੋਗ ਵਿਭਾਗ ਦੇ ਨਾਂ ਐਕੁਆਇਰ ਹੋਈ ਸੀ ਕਿਉਂਕਿ ਉਸ ਸਮੇਂ ਉਦਯੋਗ ਵਿਭਾਗ ਅਤੇ ਉਦਯੋਗਿਕ ਸਿਖਲਾਈ ਵਿਭਾਗ ਇਕੱਠੇ ਇੱਕ ਹੀ ਡਾਇਰੈਕਟਰ ਦੀ ਦੇਖ-ਰੇਖ ਹੇਠ ਚੱਲਦੇ ਸਨ। ਡਾਇਰੈਕਟਰ ਉਦਯੋਗ ਵਿਭਾਗ ਵੱਲੋਂ ਇਨ੍ਹਾਂ ਵਿੱਚ ਦੋ ਸਕੀਮਾਂ ਚਾਲੂ ਕੀਤੀਆਂ ਗਈਆਂ ਸਨ, ਜੋ ਪੇਂਡੂ ਲੋਕਾਂ ਲਈ ਲਾਹੇਵੰਦ ਹੋਣ। ਕੁਝ ਸਮਾਂ ਪਾ ਕੇ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵੱਲੋਂ ਆਰ.ਏ.ਟੀ.ਸੀ. ਸਕੀਮਾਂ ਅਧੀਨ ਸਿਖਲਾਈ ਦਿੱਤੀ ਜਾਣ ਲੱਗੀ। ਹੌਲੀ-ਹੌਲੀ ਉਦਯੋਗ ਵਿਭਾਗ ਅਧੀਨ ਚੱਲਦੀ ਆਰ.ਆਈ.ਡੀ.ਸੀ. ਸਕੀਮ ਬੰਦ ਹੁੰਦੀ ਚਲੀ ਗਈ ਪਰ ਉਦਯੋਗਿਕ ਸਿਖਲਾਈ ਸਕੀਮ ਜਿਉਂ ਦੀ ਤਿਉਂ ਸਫ਼ਲਤਾਪੂਰਵਕ ਚਲਦੀ ਰਹੀ। ਫਿਰ ਉਦਯੋਗ ਵਿਭਾਗ ਨੂੰ ਇੱਕ ਵੱਖਰਾ ਵਿਭਾਗ ਬਣਾ ਦਿੱਤਾ ਅਤੇ ਉਦਯੋਗਿਕ ਸਿਖਲਾਈ ਵਿਭਾਗ ਨੂੰ ਤਕਨੀਕੀ ਸਿੱਖਿਆ ਵਿਭਾਗ ਨਾਲ ਰਲਾ ਕੇ ਇੱਕ ਵੱਖਰਾ ਵਿਭਾਗ ਬਣਾ ਦਿੱਤਾ ਗਿਆ। ਇਨ੍ਹਾਂ ਅੱਠ ਜਗ੍ਹਾ 'ਤੇ ਚੱਲ ਰਹੀਆਂ ਆਰ.ਏ.ਟੀ.ਸੀ. ਸੰਸਥਾਵਾਂ ਦਾ ਨਾਂ ਤਬਦੀਲ ਕਰ ਕੇ ਉਦਯੋਗਿਕ ਸਿਖਲਾਈ ਸੰਸਥਾਵਾਂ ਰੱਖ ਦਿੱਤਾ ਗਿਆ। ਉਪਰੋਕਤ 8 ਥਾਵਾਂ 'ਤੇ ਉਦਯੋਗ ਵਿਭਾਗ ਦੀ ਕੋਈ ਸਕੀਮ ਨਹੀਂ ਚੱਲ ਰਹੀ, ਜਦੋਂਕਿ ਇਨ੍ਹਾਂ 8 ਥਾਵਾਂ 'ਤੇ ਅੱਜ ਵੀ ਉਦਯੋਗਿਕ ਸਿਖਲਾਈ ਸੰਸਥਾਵਾਂ ਚੱਲ ਰਹੀਆਂ ਹਨ।

ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਉਪਰੋਕਤ ਅੱਠ ਥਾਵਾਂ 'ਤੇ ਚੱਲ ਰਹੀਆਂ ਸੰਸਥਾਵਾਂ ਵਿੱਚ ਵਿਭਾਗ ਵੱਲੋਂ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਸਕੀਮ ਚੱਲ ਰਹੀ ਹੈ। ਇਸ ਸਕੀਮ ਅਧੀਨ ਭਾਰਤ ਸਰਕਾਰ ਨੇ ਸੰਸਾਰ ਬੈਂਕ ਦੀ ਮਦਦ ਨਾਲ ਉਦਯੋਗਿਕ ਸਿਖਲਾਈ ਨੂੰ ਹੋਰ ਮਿਆਰੀ ਬਣਾਉਣ ਦੇ ਮਕਸਦ ਨਾਲ ਸੰਸਥਾਵਾਂ ਅਤੇ ਸਿਖਲਾਈ ਦੀ ਅੱਪ-ਗਰੇਡੇਸ਼ਨ ਲਈ ਪ੍ਰਤੀ ਸੰਸਥਾ 2.5 ਕਰੋੜ ਰੁਪਏ ਦੀ ਰਾਸ਼ੀ ਬਿਨਾਂ ਵਿਆਜ ਕਰਜ਼ੇ ਦੇ ਰੂਪ ਵਿੱਚ ਸੰਨ 2008 ਤੋਂ ਅਲਾਟ ਕੀਤੀ ਹੋਈ ਹੈ। ਇਸ ਰਾਸ਼ੀ ਨਾਲ ਨਵੀਂ ਤਕਨੀਕ ਮੁਤਾਬਕ ਮਸ਼ੀਨਰੀ, ਸਾਜੋ-ਸਾਮਾਨ, ਹੋਰ ਅਮਲਾ ਅਤੇ ਨਵੇਂ ਕੋਰਸਾਂ ਦਾ ਯੋਗ ਪ੍ਰਬੰਧ ਕਰਕੇ ਅਪਗ੍ਰੇਡੇਸ਼ਨ ਕੀਤੀ ਜਾਣੀ ਸੀ। ਹਾਲੇ ਤਕ ਇਹ ਰਾਸ਼ੀ ਖ਼ਰਚ ਨਹੀਂ ਕੀਤੀ ਜਾ ਰਹੀ। ਜਿੰਨਾ ਚਿਰ ਇਨ੍ਹਾਂ ਸੰਸਥਾਵਾਂ ਵਾਲੀ ਜ਼ਮੀਨ ਤੇ ਇਮਾਰਤਾਂ ਉਦਯੋਗ ਵਿਭਾਗ ਤੋਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਨਾਂ ਤਬਦੀਲ ਨਹੀਂ ਹੁੰਦੀਆਂ, ਓਨਾ ਸਮਾਂ 2.5 ਕਰੋੜ ਦੀ ਰਾਸ਼ੀ ਖ਼ਰਚ ਨਹੀਂ ਕੀਤੀ ਜਾ ਸਕਦੀ ਕਿਉਂਕਿ ਉਦਯੋਗਿਕ ਸਿਖਲਾਈ ਵਿਭਾਗ ਦੀਆਂ ਨਵੀਆਂ ਹਦਾਇਤਾਂ ਮੁਤਾਬਕ ਸਭ ਕੁਝ ਵਿਭਾਗ ਦੇ ਨਵੇਂ ਨਿਯਮਾਂ ਅਨੁਸਾਰ ਹੋਣਾ ਜ਼ਰੂਰੀ ਹੈ।

ਇਹ ਦੱਸਣਾ ਵੀ ਜ਼ਰੂਰੀ ਹੈ ਕਿ 2.5 ਕਰੋੜ ਦੀ ਰਾਸ਼ੀ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਸਕੀਮ ਅਧੀਨ ਇੰਸਟੀਚਿਊਟ ਮੈਨੇਜਮੈਂਟ ਕਮੇਟੀ (ਆਈ.ਐਮ.ਸੀ.) ਦੀ ਸਲਾਹ ਅਤੇ ਪ੍ਰਵਾਨਗੀ ਨਾਲ ਖ਼ਰਚ ਕਰਨੀ ਹੁੰਦੀ ਹੈ। ਇਸ ਕਮੇਟੀ ਦਾ ਚੇਅਰਮੈਨ ਅਤੇ 4 ਹੋਰ ਮੈਂਬਰ ਪ੍ਰਾਈਵੇਟ ਫੈਕਟਰੀਆਂ ਦੇ ਮਾਲਕ ਹੁੰਦੇ ਹਨ, ਜਿਨ੍ਹਾਂ 'ਤੇ ਪ੍ਰਿੰਸੀਪਲ ਜਾਂ ਵਿਭਾਗ ਦੇ ਉੱਚ ਅਧਿਕਾਰੀਆਂ ਦਾ ਕੋਈ ਕੰਟਰੋਲ ਨਹੀਂ ਹੁੰਦਾ। ਇਨ੍ਹਾਂ ਕਮੇਟੀਆਂ ਦੇ ਬਹੁਤੇ ਚੇਅਰਮੈਨ ਅਤੇ ਮੈਂਬਰ, ਪ੍ਰਿੰਸੀਪਲ ਸੈਕਟਰੀ ਵੱਲੋਂ ਸੱਦੀਆਂ ਗਈਆਂ ਮੀਟਿੰਗਾਂ ਵਿੱਚ ਸ਼ਾਮਲ ਨਹੀਂ ਹੁੰਦੇ। ਡੀ.ਜੀ.ਈ. ਤੇ ਟੀ. (DGE &T) ਵੱਲੋਂ ਸਰਕਾਰ ਨੂੰ ਹਦਾਇਤਾਂ ਹਨ ਕਿ ਜਿਹੜੀ ਵੀ ਆਈ.ਐਮ.ਸੀ. ਦੇ ਚੇਅਰਮੈਨ ਜਾਂ ਮੈਂਬਰ ਲਗਾਤਾਰ ਮੀਟਿੰਗਾਂ ਵਿੱਚ ਸ਼ਾਮਲ ਨਹੀਂ ਹੁੰਦੇ, ਉਨ੍ਹਾਂ ਨੂੰ ਤਬਦੀਲ ਕਰ ਦਿੱਤਾ ਜਾਵੇ। ਹਰ ਆਈ.ਐਮ. ਸੀ. ਦੇ ਮੈਂਬਰ ਹਰ ਤਿੰਨ ਸਾਲ ਬਾਅਦ ਨਵੇਂ ਲਏ ਜਾਣੇ ਹੁੰਦੇ ਹਨ। ਜਿਹੜੀ ਆਈ.ਐਮ.ਸੀ. ਨੂੰ ਤਿੰਨ ਸਾਲ ਤੋਂ ਵੱਧ ਸਮਾਂ ਹੋਂਦ ਵਿੱਚ ਆਈ ਨੂੰ ਹੋ ਗਿਆ ਹੋਵੇ, ਉਸ ਤਬਦੀਲ ਕਰਨਾ ਬਣਦਾ ਹੈ। ਜਿਹੜੀ ਆਈ.ਐਮ.ਸੀ. ਦੇ ਚੇਅਰਮੈਨ ਦੀ ਫੈਕਟਰੀ ਦੀ ਸਾਲਾਨਾ ਰਿਟਰਨ 10 ਕਰੋੜ ਤੋਂ ਵੱਧ ਹੋਵੇ ਅਤੇ ਉਸ ਦੀ ਫੈਕਟਰੀ ਵਿੱਚ 25 ਵਰਕਰ ਹਰ ਰੋਜ਼ ਕੰਮ ਕਰਦੇ ਹੋਣ ਤਾਂ ਹੀ ਉਸ ਫੈਕਟਰੀ ਦੇ ਮਾਲਕ ਨੂੰ ਆਈ.ਐਮ.ਸੀ. ਦਾ ਚੇਅਰਮੈਨ ਲਾਇਆ ਜਾ ਸਕਦਾ ਹੈ ਪਰ ਵਿਭਾਗ ਵੱਲੋਂ ਅੱਜ ਵੀ ਬੋਗਸ ਆਈ.ਐਮ.ਸੀ. ਦੇ ਚੇਅਰਮੈਨਾਂ ਜਾਂ ਮੈਂਬਰਾਂ ਨੂੰ ਸੰਸਥਾਵਾਂ ਵਿੱਚੋਂ ਤਬਦੀਲ ਨਹੀਂ ਕੀਤਾ ਜਾ ਰਿਹਾ।

ਸਥਾਨਕ ਸੰਸਥਾਵਾਂ ਦੇ ਮੁਖੀਆਂ ਵੱਲੋਂ ਇਨ੍ਹਾਂ ਸੰਸਥਾਵਾਂ ਦੀ ਜ਼ਮੀਨ ਤੇ ਇਮਾਰਤਾਂ ਨੂੰ ਵਿਭਾਗ ਦੇ ਨਾਂ ਤਬਦੀਲ ਕਰਾਉਣ ਲਈ ਅਣਗਿਣਤ ਵਾਰ ਲਿਖਿਆ ਜਾ ਚੁੱਕਾ ਹੈ ਪਰ ਹਰ ਵਾਰ ਸਰਕਾਰ ਵੱਲੋਂ ਕੋਈ ਨਾ ਕੋਈ ਬਹਾਨਾ ਲਾ ਕੇ ਟਾਲ ਦਿੱਤਾ ਜਾਂਦਾ ਹੈ, ਜਿਸ ਕਾਰਨ ਇਨ੍ਹਾਂ ਸੰਸਥਾਵਾਂ ਦੀ ਅਪਗ੍ਰਡੇਸ਼ਨ ਨਹੀਂ ਹੋ ਰਹੀ ਅਤੇ ਇਨ੍ਹਾਂ ਸੰਸਥਾਵਾਂ ਰਾਹੀਂ ਪੇਂਡੂ ਇਲਾਕੇ ਦੇ ਨੌਜਵਾਨਾਂ ਨੂੰ ਕਿੱਤਾਮੁਖੀ ਤਕਨੀਕੀ ਉਦਯੋਗਿਕ ਸਿਖਲਾਈ ਦਾ ਲਾਭ ਨਹੀਂ ਮਿਲ ਰਿਹਾ।

**- ਬਲਵੀਰ ਸਿੰਘ ਸੈਣੀ**
**ਸੰਪਰਕ:** 94632-61803